# GOVERNMENT MEDICAL COLLEGE & HOSPITAL, CHANDIGARH

(Hospital Building), Sector 32-B, Chandigarh-160030 (Ph:0172-2665253-59, Fax: 0172-2608488)

(ESTABLISHMENT BRANCH-IV)

Endst. No.:GMCH/EIV/EA3/2016/32287 Dated, Chandigarh the, 14 SEP 2016

A copy of letter No. 34/55-IH(7)-2016/25160 Dated 26.08.2016 received from the Department of Personnel, Chandigarh Administration, is forwarded to the System Analyst, IT Centre, GMCH with a request to e-circulate/email the same to all the HODs/Branch Incharges of GMCH, Chandigarh for information and necessary action, please.

14/9/16

Superintendent (Estt.-IV)

1655/5/9/16

OS(E-III)

No. 34/55-IH(7)-2016/ 2560
**Chandigarh Administration**
**Department of Personnel**

ADA 2/9/16

Chandigarh, dated the 26/8/16

To

All the Administrative Secretaries/
Head of Departments/Offices/
Institutions/Boards/Corporations,
Chandigarh Administration.

20820
30 AUG 2016

**Subject:-** **Clarification regarding entitlement of benefits during the extension of two years of service of Employees retiring after attaining superannuation age of 58/60 years.**

****

DP/GMCH-32

Sir/Madam,

I am directed to refer to this Administration's circular letter No. 34/55-IH(7)-2015/23481 dated 16.11.2015 on the subject noted above and to enclose herewith a copy of Punjab Government, Finance Department's letter No. 22/8/2016-3F.P.2/250 dated 01.07.2016, which is self-explanatory, for necessary action. You are requested to ensure that the instructions contained in the letter under reference are complied with in letter and spirit.

Yours faithfully,

Superintendent Personnel,
for Secretary Personnel,
Chandigarh Administration.

Endst. No.34/55-IH(7)-2016/ 2561 Dated: 26/8/16

A copy is forwarded to all the Administrative Branches of the Chandigarh Administration Secretariat for similar action.

Superintendent Personnel,
for Secretary Personnel,
Chandigarh Administration.

For Circulation

OS E-IV

6/9/16

268

ਨੰ:22/8/2016-3ਐਫ.ਪੀ.2/250

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-2 ਸ਼ਾਖਾ)

ਮਿਤੀ,ਚੰਡੀਗੜ੍ਹ:01 ਜੁਲਾਈ, 2016

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਮੰਡਲਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾਂ ਅਤੇ ਸੈਸ਼ਨਜ਼ ਜੱਜ,
ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿਚ।

Home-I Branch
Diary No. 4348
Dated 1/7/16

SP 8/7

IHC(A)

8/7

ਵਿਸ਼ਾ: ਪੰਜਾਬ ਸਰਕਾਰ ਦੇ ਸਰਕਾਰੀ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ 58/60 ਸਾਲ ਦੀ ਉਮਰ ਪੂਰੀ ਹੋਣ ਤੇ ਸੇਵਾ ਨਵਿਰਤੀ ਤੋਂ ਬ਼ਾਅਦ 2 ਸਾਲ (ਸਾਲ ਵਾਰ) ਤੱਕ ਕੀਤੇ ਵਾਧੇ ਦੋਰਾਨ ਮਿਲਣ ਵਾਲੇ ਲਾਭਾਂ ਸਬੰਧੀ ਸਪਸਟੀਕਰਣ ਜਾਰੀ ਕਰਨ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਵਿੱਤ ਵਿਭਾਗ ਦੀਆਂ ਹਦਾਇਤਾਂ ਨੰ: 22/2/2012-3ਐਫ.ਪੀ.2/257, ਮਿਤੀ 30 ਅਕਤੂਬਰ, 2015 ਵੱਲ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਵੱਖ-ਵੱਖ ਵਿਭਾਗਾਂ ਵਲੋਂ ਵਿਸ਼ੇ ਅਧੀਨ ਮਸਲੇ ਕਰਕੇ ਉਤਪੰਨ ਹੋਏ ਕਈ ਨੁਕਤਿਆਂ ਸਬੰਧੀ ਸਪਸਟੀਕਰਨ ਮੰਗੇ ਜਾ ਰਹੇ ਹਨ। ਇਹਨਾਂ ਨੂੰ ਵਿਚਾਰਨ ਉਪਰੰਤ ਮੈਨੂੰ ਹੇਠ ਅਨੁਸਾਰ ਸੂਚਿਤ ਕਰਨ/ਸਪਸਟੀਕਰਨ ਜਾਰੀ ਕਰਨ ਦੀ ਹਦਾਇਤ ਹੋਈ ਹੈ:-

| ਲੜੀ ਨੰ: | ਵੱਖ-ਵੱਖ ਵਿਭਾਗਾਂ ਵਲੋਂ ਮੰਗੇ ਗਏ ਸਪਸਟੀਕਰਨ | ਵਿੱਤ ਵਿਭਾਗ ਦੀ ਉੱਤਰ |
|---|---|---|
| 1. | ਪੰਜਾਬ ਸਿਵਲ ਸੇਵਾਵਾਂ ਜਿਲਦ-2 ਦੇ ਰੂਲ 3.17 ਏ ਵਿੱਚ ਕੀਤੀ ਸੋਧ ਅਨੁਸਾਰ ਰਿਟਾਇਰਮੈਂਟ ਤੋਂ ਬਾਅਦ (ਸੇਵਾਕਾਲ ਵਿੱਚ ਵਾਧੇ ਦੌਰਾਨ ਕੀਤੀ ਸੇਵਾ) ਕੁਆਲੀਫਾਇੰਗ ਸੇਵਾ ਨਹੀਂ ਮੰਨੀ ਜਾਵੇਗੀ ਅਤੇ ਵਧੇ ਹੋਏ ਸੇਵਾਕਾਲ ਦੌਰਾਨ ਸਰਕਾਰੀ ਕਰਮਚਾਰੀ ਉਹ ਹੀ ਆਖਰੀ ਤਨਖਾਹ ਲੈਣ ਦਾ ਹੱਕਦਾਰ ਹੋਵੇਗਾ ਜੋ ਉਹ | ਸੇਵਾਕਾਲ ਵਿੱਚ ਵਾਧੇ ਦੀ ਸਮਾਪਤੀ ਉਪਰੰਤ ਸਰਕਾਰੀ ਕਰਮਚਾਰੀ ਨੂੰ ਗਰੈਚੂਟੀ, ਲੀਵ ਇਨਕੈਸਮੈਂਟ ਅਤੇ ਹੋਰ ਪੈਨਸਨਰੀ ਲਾਭਾਂ ਦੀ ਅਦਾਇਗੀ 58 ਸਾਲ ਦੀ ਵਧ-ਵਰ੍ਹਾ ਰਿਟਾਇਰਮੈਂਟ ਸਮੇਂ |

| | | |
|---|---|---|
| | 58 ਜਾਂ 60 ਸਾਲ ਪੂਰੀ ਕਰਨ ਉਪਰੰਤ ਲੈ ਰਿਹਾ ਹੋਵੇਗਾ। ਇਸ ਸਥਿਤੀ ਵਿੱਚ ਸੇਵਾਕਾਲ ਵਿੱਚ ਵਾਧੇ ਦੀ ਸਮਾਪਤੀ ਉਪਰੰਤ ਸਰਕਾਰੀ ਕਰਮਚਾਰੀ ਨੂੰ ਅਦਾ ਕੀਤੀ ਜਾਣ ਵਾਲੀ ਗਰੈਚੂਟੀ ਅਤੇ ਲੀਵ ਇਨਕੈਸਮੈਂਟ ਦੀ ਕੈਲਕੁਲੇਸਨ ਉਪਰ ਡੀ.ਏ. ਦੀ ਦਰ ਕੀ ਹੋਵੇਗੀ? ਕੀ ਪੈਨਸਨਰੀ ਲਾਭਾਂ ਦੀ ਅਦਾਇਗੀ ਸੇਵਾ-ਨਵਿਰਤੀ ਸਮੇਂ ਅਦਾ ਕੀਤੀ ਜਾ ਰਹੀ ਡੀ.ਏ. ਦੀ ਦਰ ਨਾਲ ਕੀਤੀ ਜਾਵੇਗੀ ਜਾਂ ਸੇਵਾਕਾਲ ਵਿੱਚ ਵਾਧੇ ਦੌਰਾਨ ਸਰਕਾਰ ਵੱਲੋਂ ਘੋਸਿਤ ਨਵੇਂ ਡੀ.ਏ. ਦੀ ਦਰ ਤੇ ਇਹ ਅਦਾਇਗੀਆਂ ਕੀਤੀਆਂ ਜਾਣਗੀਆਂ। | ਅਦਾ ਕੀਤੀ ਜਾ ਰਹੀ ਡੀ.ਏ. ਦੀ ਦਰ ਤੇ ਹੀ ਮਿਲਣਯੋਗ ਹੋਵੇਗੀ। |
| 2. | ਜੇਕਰ ਕਿਸੇ ਸਰਕਾਰੀ ਕਰਮਚਾਰੀ ਦੀ ਸੇਵਾਕਾਲ ਵਿੱਚ ਵਾਧੇ ਦੌਰਾਨ ਮੌਤ ਹੋ ਜਾਂਦੀ ਹੈ ਤਾਂ ਕੀ ਉਸ ਨੂੰ ਪੰਜਾਬ ਸਰਕਾਰ ਦੇ ਪੱਤਰ ਨੰ:3/39/2009-3ਐਫ.ਪੀ.ਪੀ.ਸੀ./1413, ਮਿਤੀ 23.12.2011 ਅਨੁਸਾਰ 'Die In Harness' ਮੰਨਦੇ ਹੋਏ ਉਸ ਦੇ ਵਾਰਸਾਂ ਨੂੰ 65 ਸਾਲ ਦੀ ਉਮਰ ਤੱਕ Enhanced Family Pension ਮਿਲਣਯੋਗ ਹੋਵੇਗੀ ਜਾਂ ਸਰਕਾਰੀ ਕਰਮਚਾਰੀ ਦੀ ਮੌਤ ਤੋਂ ਤੁਰੰਤ ਬਾਅਦ ਉਸ ਦੇ ਵਾਰਸਾਂ ਨੂੰ ਨਾਰਮਲ ਰੇਟ ਤੇ ਫੈਮਿਲੀ ਪੈਨਸਨ ਦਿੱਤੀ ਜਾਵੇਗੀ। | ਸਰਕਾਰੀ ਕਰਮਚਾਰੀ ਦੀ ਸੇਵਾ ਕਾਲ ਵਿੱਚ ਵਾਧੇ ਦੌਰਾਨ ਮੌਤ ਹੋ ਜਾਣ ਦੀ ਸੂਰਤ ਵਿੱਚ ਮ੍ਰਿਤਕ ਕਰਮਚਾਰੀ ਦੇ ਵਾਰਸਾਂ ਨੂੰ ਨਾਰਮਲ ਰੇਟ ਤੇ ਫੈਮਿਲੀ ਪੈਨਸਨ ਮਿਲਣਯੋਗ ਹੋਵੇਗੀ। |
| 3. | ਸੇਵਾਕਾਲ ਵਿੱਚ ਵਾਧੇ ਦੌਰਾਨ ਜੇਕਰ ਕੋਈ ਸਰਕਾਰੀ ਕਰਮਚਾਰੀ ਐਲ.ਟੀ.ਸੀ. ਦੀ ਸੁਵਿਧਾ ਅਵੇਲ ਕਰਦਾ ਹੈ ਤਾਂ ਕੀ ਉਸ ਨੂੰ ਐਲ.ਟੀ.ਸੀ. ਅਵੇਲ ਕਰਨ ਤੇ 10 ਦਿਨਾਂ ਦੀ ਲੀਵ ਇਨਕੈਸ਼ਮੈਂਟ ਦੀ ਅਦਾਇਗੀ ਕੀਤੀ ਜਾਵੇਗੀ? ਜੇਕਰ ਹਾਂ ਤਾਂ ਕੀ 10 ਦਿਨਾਂ ਦੀ ਕਮਾਈ ਛੁੱਟੀ ਨੂੰ ਸੇਵਾ ਨਿਵਰਤੀ ਸਮੇਂ ਵੱਧ ਤੋਂ ਵੱਧ ਮਿਲਣਯੋਗ 300 ਦਿਨਾਂ ਦੀ ਕਮਾਈ ਛੁੱਟੀ ਵਿੱਚੋਂ ਜਾਂ ਉਸ ਦੀ ਸੇਵਾ ਨਿਵਰਤੀ ਸਮੇਂ ਬਕਾਇਆ ਕਮਾਈ ਛੁੱਟੀ ਵਿੱਚੋਂ ਜਾਂ ਸੇਵਾਕਾਲ ਵਿੱਚ ਵਾਧੇ ਦੌਰਾਨ ਕਰਮਚਾਰੀ ਵੱਲੋਂ ਅਰਨ ਕੀਤੀ ਕਮਾਈ ਛੁੱਟੀ ਵਿੱਚ ਘਟਾਇਆ ਜਾਵੇਗਾ? 10 ਦਿਨਾਂ ਦੀ ਕਮਾਈ ਛੁੱਟੀ ਦੇ ਇਵਜ ਵਿੱਚ ਕੀਤੀ ਜਾਣ ਵਾਲੀ ਅਦਾਇਗੀ ਤੇ ਡੀ.ਏ. ਦੀ ਦਰ ਕੀ ਹੋਵੇਗੀ? | ਸੇਵਾਕਾਲ ਵਿੱਚ ਵਾਧੇ ਦੌਰਾਨ ਜੇਕਰ ਕਿਸੇ ਕਰਮਚਾਰੀ ਵਲੋਂ ਐਲ.ਟੀ.ਸੀ. ਦੀ ਸੁਵਿਧਾ ਅਵੇਲ ਕੀਤੀ ਜਾਂਦੀ ਹੈ ਤਾਂ ਉਸ ਨੂੰ ਐਲ.ਟੀ.ਸੀ. ਲਈ ਕੋਈ ਲੀਵ ਇਨਕੈਸ਼ਮੈਂਟ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ। |
| 4. | ਜੇਕਰ ਕੋਈ ਕਰਮਚਾਰੀ ਸੇਵਾ ਨਿਵਰਤੀ ਦੀ ਮਿਤੀ ਦੇ ਇੱਕ ਸਾਲ ਦੇ ਅੰਦਰ-ਅੰਦਰ 90% ਜੀ.ਪੀ.ਫੰਡ ਐਡਵਾਂਸ ਪ੍ਰਾਪਤ ਕਰਦਾ ਹੈ ਅਤੇ ਸੇਵਾ ਨਿਵਰਤੀ ਦੀ | ਜੇਕਰ ਕਰਮਚਾਰੀ ਵੱਲੋਂ ਸੁਪਰਐਨੁਏਸਨ ਤੇ ਸੇਵਾ ਨਵਿਰਤੀ ਜਾਂ ਸੇਵਾ ਕਾਲ ਵਿੱਚ |

| | | |
|---|---|---|
| | ਮਿਤੀ ਤੋਂ 6 ਮਹੀਨੇ ਪਹਿਲਾਂ ਆਪਣੀ ਜੀ.ਪੀ.ਫੰਡ ਦੀ ਸਬਸਕਰਿਪਸਨ ਬੰਦ ਕਰ ਦਿੰਦਾ ਹੈ ਅਤੇ ਜੇਕਰ ਉਸ ਕਰਮਚਾਰੀ ਨੂੰ ਸੇਵਾਕਾਲ ਵਿੱਚ ਵਾਧਾ ਦੇ ਦਿੱਤਾ ਜਾਦਾ ਹੈ ਤਾਂ ਕੀ ਸੇਵਾਕਾਲ ਵਿੱਚ ਵਾਧੇ ਦੌਰਾਨ ਉਸ ਦੀ ਜੀ.ਪੀ.ਫੰਡ ਦੀ ਸਬਸਕ੍ਰਿਪਸਨ ਮੁੜ ਤੋਂ ਚਾਲੂ ਕੀਤੀ ਜਾਵੇਗੀ? ਕੀ ਸੇਵਾ ਨਿਵਰਤੀ ਦੀ ਮਿਤੀ ਤੋਂ 6 ਮਹੀਨੇ ਪਹਿਲਾਂ ਬੰਦ ਕੀਤੀ ਜੀ.ਪੀ.ਫੰਡ ਦੀ ਸਬਸਕ੍ਰਿਪਸਨ ਯਕ-ਮੁਸ਼ਤ ਜਮ੍ਹਾਂ ਕਰਵਾਈ ਜਾਵੇਗੀ? ਸੇਵਾਕਾਲ ਵਿੱਚ ਵਾਧੇ ਦੌਰਾਨ ਕੀ ਉਹ ਮੁੜ ਤੋਂ 90% ਜੀ.ਪੀ.ਫੰਡ ਐਡਵਾਂਸ ਲੈਣ ਲਈ ਹੱਕਦਾਰ ਹੋਵੇਗਾ। | ਵਾਧੇ ਦੇ ਪਹਿਲੇ ਸਾਲ ਦੀ ਸਮਾਪਤੀ ਤੋਂ ਪਹਿਲਾਂ ਜੀ.ਪੀ.ਐਫ. ਵਿਚੋਂ 90% ਐਡਵਾਂਸ ਲੈਣ ਲਈ ਦਰਖਾਸਤ ਦਿੱਤੀ ਜਾਂਦੀ ਹੈ ਤਾਂ ਉਸ ਸਮੇਂ ਉਸ ਤੋਂ ਅੰਡਰਟੇਕਿੰਗ ਲਈ ਜਾਵੇਗੀ ਕਿ ਉਹ ਅੱਗੋ ਤੋਂ ਸੇਵਾਕਾਲ ਵਿੱਚ ਵਾਧਾ ਨਹੀਂ ਲੈਣਾ ਚਾਹੁੰਦਾ ਹੈ ਅਤੇ ਨਾ ਹੀ ਉਸ ਵਲੋਂ ਸੇਵਾਕਾਲ ਵਿੱਚ ਵਾਧੇ ਦੀ ਆਪਸਨ ਦਿੱਤੀ ਜਾਵੇਗੀ। ਜੇਕਰ ਇਹ ਰਕਮ ਪ੍ਰਾਪਤ ਕਰਨ ਉਪਰੰਤ ਫਿਰ ਵੀ ਸਬੰਧਤ ਕਰਮਚਾਰੀ ਵਲੋਂ ਸੇਵਾਕਾਲ ਵਿੱਚ ਵਾਧੇ ਦੀ ਆਪਸਨ ਦਿੱਤੀ ਜਾਂਦੀ ਹੈ ਤਾਂ ਸਮਰੱਥ ਅਥਾਰਟੀ ਵਲੋਂ ਇਸ ਨੂੰ ਪ੍ਰਵਾਨ ਨਹੀਂ ਕੀਤਾ ਜਾਵੇਗਾ। |
| 5. | ਜੇਕਰ ਕਿਸੇ ਸਰਕਾਰੀ ਕਰਮਚਾਰੀ ਦੀ ਸੇਵਾਕਾਲ ਵਿੱਚ ਵਾਧੇ ਦੌਰਾਨ ਮੌਤ ਹੋ ਜਾਂਦੀ ਹੈ ਤਾਂ ਕੀ ਉਸ ਨੂੰ ਪੰਜਾਬ ਸਰਕਾਰ ਦੇ ਪ੍ਰੱਤਰ ਨੰ:3/23/2009-2ਐਫ.ਪੀ.ਪੀ.ਸੀ/ 879, ਮਿਤੀ 17.8.2009 ਦੇ ਪੈਰ੍ਹਾ 8 ਅਤੇ ਪੱਤਰ ਨੰ:3/19/2010 -3ਐਫ.ਪੀ.ਪੀ.ਸੀ/ 1251, ਮਿਤੀ 13.10.2010 ਅਨੁਸਾਰ Die in Harness ਮੰਨਦੇ ਹੋਏ ਉਸ ਦੇ ਵਾਰਸਾਂ ਨੂੰ Ex-gratia Payment ਮਿਲਣਯੋਗ ਹੋਵੇਗੀ। | ਸੇਵਾਕਾਲ ਵਿੱਚ ਵਾਧੇ ਦੇ ਸਮੇਂ ਦੌਰਾਨ ਜੇਕਰ ਕਿਸੇ ਕਰਮਚਾਰੀ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਨੂੰ ਡੈਥ ਇੰਨ ਹਾਰਨੈੱਸ (Death in harness) ਨਹੀਂ ਮੰਨਿਆ ਜਾਣਾ ਹੈ। |
| 6. | ਜੇਕਰ ਸੇਵਾਕਾਲ ਵਿੱਚ ਵਾਧੇ ਦੌਰਾਨ ਕਿਸੇ ਕਰਮਚਾਰੀ ਵੱਲੋਂ ਸੇਵਾਕਾਲ ਵਿੱਚ ਵਾਧੇ ਦੌਰਾਨ ਅਰਨ ਕੀਤੀ ਕਮਾਈ ਛੁੱਟੀ ਤੋਂ ਜਿਆਦਾ ਕਮਾਈ ਛੁੱਟੀ ਅਵੇਲ ਕੀਤੀ ਜਾਂਦੀ ਹੈ ਤਾਂ ਕੀ ਉਸ ਜਿਆਦਾ ਅਵੇਲ ਕੀਤੀ ਕਮਾਈ ਛੁੱਟੀ ਨੂੰ 300 ਦਿਨਾਂ ਵਿੱਚੋਂ (ਜੋ ਸੇਵਾ ਨਿਵਰਤੀ ਸਮੇਂ ਵੱਧ ਤੋਂ ਵੱਧ ਲੀਵਇਨਕੈਸਮੈਂਟ ਮਿਲਣਯੋਗ ਹੁੰਦੀ ਹੈ) ਜਾਂ 450 ਦਿਨਾਂ ਵਿੱਚੋਂ(ਜੋ ਸੇਵਾ-ਨਿਵਰਤੀ ਸਮੇਂ ਵੱਧ ਤੋਂ ਵੱਧ ਛੁੱਟੀ ਖਾਤੇ ਵਿੱਚ ਡਿਊ ਹੁੰਦੀ ਹੈ) ਘਟਾਇਆ | ਇਸ ਸਬੰਧੀ ਵਿੱਤ ਵਿਭਾਗ ਵਲੋਂ ਪੱਤਰ ਨੰ: :22/2/2013-3ਐਫ.ਪੀ.2/ 217 ਮਿਤੀ 25 ਮਈ, 2016 ਰਾਹੀਂ ਲੋੜੀਂਦਾ ਸਪਸਟੀਕਰਨ ਜਾਰੀ ਕਰ ਦਿੱਤਾ ਗਿਆ ਹੈ। |

| | | |
|---|---|---|
| | ਜਾਵੇਗਾ। ਜੇਕਰ ਅਧਿਕਾਰੀ ਦੀ ਸੇਵਾ-ਨਵਿਰਤੀ ਜਾਨਿ ਕਿ ਵਾਧੇ ਤੋਂ ਪਹਿਲਾਂ ਖਾਤੇ ਵਿੱਚ 300 ਦਿਨਾਂ ਤੋਂ ਘੱਟ ਛੁੱਟੀ ਹੈ ਤਾਂ ਕੀ ਵਾਧੇ ਦੇ ਸਮੇਂ ਦੌਰਾਨ ਅਰਨ ਕੀਤੀ ਛੁੱਟੀ ਉਸ ਦੇ ਖਾਤੇ ਨੂੰ ਕਰੈਡਿਟ ਕਰਦੇ ਹੋਏ ਲੀਵ ਇਨਕੈਸਮੈਂਟ ਦੇਣੀ ਹੈ? | |

(ਭਗਤ ਸਿੰਘ)
ਅਧੀਨ ਸਕੱਤਰ ਵਿੱਤ (ਬ)

ਪਿੰ.ਅੰ.ਨੰ:22/8/2016-3 ਐਫ.ਪੀ.2/251 ਮਿਤੀ, ਚੰਡੀਗੜ੍ਹ : 01 ਜੁਲਾਈ,2016

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

(1) ਪ੍ਰਮੁੱਖ ਮਹਾਂਲੇਖਾਕਾਰ (ਆਡਿਟ), ਪੰਜਾਬ,ਚੰਡੀਗੜ੍ਹ ।
(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।

ਅਧੀਨ ਸਕੱਤਰ ਵਿੱਤ (ਬ)

ਪਿੰ.ਅੰ.ਨੰ:22/8/2016-3 ਐਫ.ਪੀ.2/252 ਮਿਤੀ, ਚੰਡੀਗੜ੍ਹ : 01 ਜੁਲਾਈ,2016

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

(1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।
(2) ਸਮੂਹ ਵਿੱਤੀ ਕਮਿਸ਼ਨਰ, ਪ੍ਰਮੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅਧੀਨ ਸਕੱਤਰ ਵਿੱਤ (ਬ)

ਪਿੰ.ਅੰ.ਨੰ:22/8/2016-3 ਐਫ.ਪੀ.2/253 ਮਿਤੀ, ਚੰਡੀਗੜ੍ਹ : 01 ਜੁਲਾਈ,2016

ਇਸ ਦਾ ਉਤਾਰਾ ਰਾਜ ਦੇ ਸਮੂਹ ਜਿਲ੍ਹਾਂ ਖਜ਼ਾਨਾ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੰ.ਅੰ.ਨੰ:22/8/2016-3 ਐਫ.ਪੀ.2/254 ਮਿਤੀ, ਚੰਡੀਗੜ੍ਹ : 01 ਜੁਲਾਈ,2016

ਇਸ ਦਾ ਇਕ ਉਤਾਰਾ ਮੈਨੇਜਿੰਗ ਡਾਇਰੈਕਟਰ, ਪੰਜਾਬ ਇਨਫੋਟੈਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੇ ਇਸ ਸਪਸਟੀਕਰਨ ਨੂੰ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ ਜੀ।

ਸੁਪਰਡੰਟ